# <u>ਪੈਪਸੂ ਨਗਰ ਵਿਕਾਸ ਬੋਰਡ ਦੇ ਕੰਮ ਕਾਜ ਬਾਰੇ ਸੰਖੇਪ ਨੋਟ</u>

ਪੈਪਸੂ ਨਗਰ ਵਿਕਾਸ ਬੋਰਡ ਦੀ ਸਥਾਪਨਾ ਦੇਸ਼ ਦੀ ਵੰਡ ਤੋਂ ਬਾਅਦ ਪਾਕਿਸਤਾਨ ਤੋਂ ਆਏ ਸ਼ਰਨਾਰਥੀਆਂ ਨੂੰ ਵਸਾਉਣ ਲਈ ਕੀਤੀ ਗਈ ਸੀ ਅਤੇ ਬੋਰਡ ਨੂੰ ਵਿਸ਼ੇਸ ਤੌਰ ਤੇ ਬਹਾਵਲਪੁਰ ਸਟੇਟ ਤੋਂ ਆਏ ਲੋਕਾਂ ਨੂੰ ਵਸਾਉਣ ਦਾ ਕੰਮ ਦਿੱਤਾ ਗਿਆ ਸੀ। ਪਹਿਲਾਂ "ਦੀ ਰਾਜਪੁਰਾ ਡਿਵੈਪਲਮੈਂਟ ਆਰਡੀਨੈਂਸ 2006" ਅਪ੍ਰੈਲ, 1949 ਵਿਚ ਜਾਰੀ ਕੀਤਾ ਗਿਆ ਜਿਸ ਤਹਿਤ ਪੈਪਸੂ  ਨਗਰ ਵਿਕਾਸ ਬੋਰਡ ਨੇ ਕੰਮ ਕਰਨਾ ਸ਼ੁਰੂ ਕੀਤਾ ਸੀ ਅਤੇ ਬਾਅਦ ਵਿਚ ਪੈਪਸੂ ਟਾਊਨਸ਼ਿਪ ਡਿਵੈਲਪਮੈਂਟ ਬੋਰਡ/ਐਕਟ, 1954(ਨੰ:2 ਆਫ 1955) ਹੋਂਦ ਵਿਚ ਆਇਆ। ਸ਼ਰਨਾਰਥੀਆਂ ਨੂੰ ਵਸਾਉਣ ਲਈ ਪੈਪਸੂ ਨਗਰ ਵਿਕਾਸ ਬੋਰਡ ਨੇ ਰਾਜਪੁਰਾ ਅਤੇ ਤ੍ਰਿਪੜੀ ਟਾਊਨ ਦੋ ਕਸਬੇ ਬਣਾਏ। ਜਿਸ ਲਈ ਪ੍ਰਾਈਵੇਟ ਵਿਅੱਕਤੀਆਂ ਦੀ ਜਮੀਨ ਇਕੁਆਇਰ ਕੀਤੀ ਸੀ। ਜਮੀਨ ਇਕੁਆਇਰ ਕਰਨ ਲਈ ਭਾਰਤ ਸਰਕਾਰ ਨੇ ਪੈਪਸੂ ਨਗਰ ਵਿਕਾਸ ਬੋਰਡ ਨੂੰ 1,60,45,850/-ਰੁਪਏ ਦਾ ਕਰਜਾ ਸਮੇਂ-ਸਮੇਂ ਤੇ ਕਿਸ਼ਤਾਂ ਵਿੱਚ ਦਿੱਤਾ ਸੀ। ਜੋ ਭਾਰਤ ਸਰਕਾਰ ਨੂੰ ਵਾਪਸ ਕਰ ਦਿੱਤਾ ਜਾ ਚੁੱਕਾ ਹੈ। ਰਾਜਪੁਰਾ ਅਤੇ ਤ੍ਰਿਪੜੀ (ਪਟਿਆਲਾ) ਵਿਖੇ ਹੇਠਾਂ ਅਨੁਸਾਰ ਜਮੀਨ ਇਕੁਆਇਰ ਕੀਤੀ ਗਈ ਸੀ:-

| <u>ਰਾਜਪੁਰਾ</u> | <u>ਤ੍ਰਿਪੜੀ (ਪਟਿਆਲਾ)</u> |
|---|---|
| **1165 ਏਕੜ 1 ਕਨਾਲ 14 ਮਰਲੇ** | **109 ਏਕੜ 17 ਮਰਲੇ** |

ਭਾਰਤ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਸਮੇਂ-ਸਮੇਂ ਤੇ ਸ਼ਰਨਾਰਥੀਆਂ ਨੂੰ ਵਸਾਇਆ ਗਿਆ। ਜਾਇਦਾਦਾਂ ਨੂੰ ਭਾਰਤ ਸਰਕਾਰ ਦੀਆਂ ਹਦਾਇਤਾਂ ਮੁਤਾਬਕ " ਕੰਪਨਸੇਸ਼ਨ ਪੂਲ" ਦੀ ਜਾਇਦਾਦਾਂ ਮੰਨਦੇ ਹੋਏ ਉਹਨਾਂ ਦਾ ਨਿਪਟਾਰਾ ਡਿਸਪਲੇਸਡ ਪਰਸਨਜ (ਕੰਪਨਸੇਸ਼ਨ ਐਂਡ ਰੀਹੈਬਲੀਟੇਸ਼ਨ) ਐਕਟ, 1954 ਅਤੇ ਉਸ ਦੇ ਤਹਿਤ ਬਣਾਏ ਗਏ ਡਿਸਪਲੇਸਡ ਪਰਸਨ (ਕੰਪਨਸੇਸ਼ਨ ਐਂਡ ਰੀਹੈਬਲੀਟੇਸ਼ਨ) ਰੂਲਜ 1955 ਤਹਿਤ ਸਹਾਇਕ ਪ੍ਰਸ਼ਾਸਕ ਵਲੋਂ ਮੈਨੇਜਿੰਗ ਅਫਸਰ ਦੇ ਅਖਤਿਆਰਾਂ ਦੀ ਵਰਤੋ ਕਰਦੇ ਹੋਏ ਕੀਤਾ ਗਿਆ। 1979 ਵਿਚ ਪੈਪਸੂ ਨਗਰ ਵਿਕਾਸ ਬੋਰਡ ਐਕਟ ਦੇ ਤਹਿਤ ਦਫਤਰ ਦਾ ਕੰਮ ਚਲਾਉਣ ਲਈ ਨਿਯਮ ਬਣਾਏ ਗਏ। ਭਾਰਤ ਸਰਕਾਰ ਦਾ ਸਾਰਾ ਕਰਜਾ ਪੈਪਸੂ ਨਗਰ ਵਿਕਾਸ ਬੋਰਡ ਵਲੋਂ ਵਾਪਿਸ ਕੀਤਾ ਜਾ ਚੁੱਕਾ ਹੈ, ਜਿਸ ਸਬੰਧ ਵਿਚ ਭਾਰਤ ਸਰਕਾਰ ਨੇ ਮਿਤੀ 12-5-87 ਨੂੰ ਇਹ ਸਪੱਸ਼ਟੀਕਰਨ ਦਿੱਤਾ ਹੈ ਕਿ ਹੁਣ ਇਹ ਜਾਇਦਾਦਾਂ ਕੰਪਨਸੇਸ਼ਨ ਪੂਲ ਦੀਆਂ ਨਹੀਂ ਰਹੀਆਂ ਅਤੇ ਇਹ ਜਾਇਦਾਦਾਂ ਰਾਜ ਸਰਕਾਰ ਜਿਵੇਂ ਚਾਹੇ ਆਪਣੇ ਮੁਤਾਬਕ ਵੇਚ ਸਕਦੀ ਹੈ।

2. ਪੈਪਸੂ ਨਗਰ ਵਿਕਾਸ ਬੋਰਡ ਐਕਟ,1954 ਦੀ ਧਾਰਾ 4(1) ਅਧੀਨ ਬੋਰਡ ਦੀ ਬਣਤਰ ਰਾਜ ਸਰਕਾਰ ਵਲੋਂ ਕੀਤੀ ਜਾਂਦੀ ਹੈ। ਬੋਰਡ ਦਾ ਮੁੱਖ ਕੰਮ ਪਹਿਲਾਂ ਵਿਸ਼ੇਸ ਤੌਰ ਤੇ ਬਹਾਵਲਪੁਰ ਸਟੇਟ (ਵੈਸਟ ਪਾਕਿਸਤਾਨ) ਤੋਂ ਆਏ ਲੋਕਾਂ ਨੂੰ ਵਸਾਉਣ ਦਾ ਸੀ। ਇਸ ਤੋਂ ਬਾਅਦ ਬੋਰਡ ਨੇ ਆਪਣੀਆਂ ਜਾਇਦਾਦਾਂ ਖੁੱਲ੍ਹੀ ਨਿਲਾਮੀ ਰਾਹੀਂ ਵੇਚੀਆਂ ਅਤੇ ਦੰਗਿਆਂ ਤੋਂ ਪ੍ਰਭਾਵਿਤ ਲੋਕਾਂ ਨੂੰ ਵਸਾਉਣ ਲਈ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਪਲਾਟ ਅਲਾਟ ਕੀਤੇ। ਰਹਿੰਦੀ ਜਮੀਨ ਦੇ ਨਿਪਟਾਰੇ ਲਈ ਰਾਜ ਸਰਕਾਰ ਵਲੋਂ ਪੈਪਸੂ ਟਾਊਨਸ਼ਿਪਸ ਡਿਵੈਲਪਮੈਂਟ ਬੋਰਡ ਡਿਸਪੋਜ਼ਲ ਆਫ ਪ੍ਰਾਪਰਟੀ ਰੂਲਜ 2003 ਬਣਾਏ ਗਏ ਹਨ। ਇਸ ਵੇਲੇ ਬੋਰਡ ਕੋਲ ਹੇਠਾਂ ਦਰਜ ਜਮੀਨ ਬਕਾਇਆ ਰਹਿੰਦੀ ਹੈ:-

| <u>ਰਾਜਪੁਰਾ</u> | <u>ਤ੍ਰਿਪੜੀ ਪਟਿਆਲਾ</u> |
|---|---|
| 25 ਏਕੜ 7 ਕਨਾਲ 5 ਮਰਲੇ | 1 ਕਨਾਲ 07 ਮਰਲੇ |

ਇਹ ਜਮੀਨਾਂ ਨਿਯਮਾਂ ਮੁਤਾਬਕ ਰਹਿੰਦੀਆਂ ਜਮੀਨਾਂ ਵੇਚੀਆਂ/ਅਲਾਟ ਕੀਤੀਆਂ ਜਾ ਰਹੀਆਂ ਹਨ।

## ਪੈਪਸੂ ਨਗਰ ਵਿਕਾਸ ਬੋਰਡ ਦੇ ਸੰਗਠਨ ਦੀ ਬਣਤਰ

3. **ਪੰਜਾਬ ਸਰਕਾਰ ਦੇ ਪੱਤਰ ਨੰ: ਨੰ:2(2) 95.P-II/ 14956 ਮਿਤੀ 21-10-2022 ਰਾਹੀਂ ਜਾਰੀ ਨੋਟੀਫਿਕੇਸਨ ਰਾਹੀਂ ਬੋਰਡ ਦੇ ਸੰਗਠਨ ਦੀ ਬਣਤਰ ਹੇਠਾ ਅਨੁਸਾਰ ਕੀਤੀ ਗਈ ਹੈ।**

| | | |
|---|---|---|
| 1 | ਸ਼੍ਰੀ ਭਗਵੰਤ ਮਾਨ , ਮੁੱਖ ਮੰਤਰੀ ਪੰਜਾਬ | ਚੇਅਰਮੈਨ |
| 2 | ਸ਼੍ਰੀ ਬ੍ਰਹਮ ਸ਼ੰਕਰ ਸ਼ਰਮਾ, ਮਾਲ ਮੰਤਰੀ ਪੰਜਾਬ | ਸੀਨੀਅਰ ਵਾਈਸ ਚੇਅਰਮੈਨ (ਨੋਟੀਫਿਕੇਸਨ ਨੰ:2(2) 95.P-II/ 14956 ਮਿਤੀ 21-10-2022 ਰਾਹੀਂ ਨਿਯੁਕਤ) |
| 3 | ਸ਼੍ਰੀਮਤੀ ਨੀਨਾ ਮਿੱਤਲ, ਐਮ.ਐਲ.ਏ, ਰਾਜਪੁਰਾ। | ਵਾਈਸ ਚੇਅਰਮੈਨ (ਨੋਟੀਫਿਕੇਸਨ ਨੰ:2(2) 95.P-II/ 14956 ਮਿਤੀ 21-10-2022 ਰਾਹੀਂ ਨਿਯੁਕਤ) |
| 4 | ਸ਼੍ਰੀ ਰਿਤੇਸ਼ ਬੰਸਲ ਪੁੱਤਰ ਸ੍ਰੀ ਕ੍ਰਿਸ਼ਨ ਕੁਮਾਰ ਬੰਸਲ, ਗਰੀਨ ਸਿਟੀ ਫੇਸ-1, ਨੀਲਪੁਰ ਰਾਜਪੁਰਾ। | .... ਮੈਂਬਰ...... (ਨੋਟੀਫਿਕੇਸਨ ਨੰ:2(2) 95.P-II/ 14956 ਮਿਤੀ 21-10-2022 ਰਾਹੀਂ ਨਿਯੁਕਤ) |
| 5 | ਸ਼੍ਰੀ ਗੁਰਵੀਰ ਸਿੰਘ ਸਰਾਓ ਪੁੱਤਰ ਸ੍ਰੀ ਰਣਧੀਰ ਸਿੰਘ ਮਕਾਨ ਨੰ:590, ਭਾਰਤ ਕਲੋਨੀ ਰਾਜਪੁਰਾ। | .... ਮੈਂਬਰ...... (ਨੋਟੀਫਿਕੇਸਨ ਨੰ:2(2) 95.P-II/ 14956 ਮਿਤੀ 21-10-2022 ਰਾਹੀਂ ਨਿਯੁਕਤ) |
| 6 | ਸ਼੍ਰੀ ਸੁਮਿਤ ਬਕਸ਼ੀ ਪੁੱਤਰ ਲੇਟ ਸ੍ਰੀ ਰਾਜ ਕੁਮਾਰ ਮਕਾਨ ਨੰ:1871, ਨੇੜੇ ਐਸ ਡੀ ਮੰਦਰ, ਰਾਜਪੁਰਾ। | .... ਮੈਂਬਰ...... (ਨੋਟੀਫਿਕੇਸਨ ਨੰ:2(2) 95.P-II/ 14956 ਮਿਤੀ 21-10-2022 ਰਾਹੀਂ ਨਿਯੁਕਤ) |
| 7 | ਸ਼੍ਰੀ ਜਤਿੰਦਰ ਵਰਮਾ ਪੁੱਤਰ ਸ੍ਰੀ ਸਤੀਸ ਕੁਮਾਰ ਮਕਾਨ ਨੰ:2647,ਆਰਿਆ ਸਮਾਜ ਰੋਡ, ਰਾਜਪੁਰਾ। | .... ਮੈਂਬਰ...... (ਨੋਟੀਫਿਕੇਸਨ ਨੰ:2(2) 95.P-II/ 14956 ਮਿਤੀ 21-10-2022 ਰਾਹੀਂ ਨਿਯੁਕਤ) |
| **ਸਰਕਾਰੀ ਮੈਂਬਰ** | | |
| 1 | ਵਿੱਤੀ ਕਮਿਸ਼ਨਰ, ਮਾਲ | ..... ਮੈਂਬਰ...... |
| 2 | ਡਿਪਟੀ ਕਮਿਸ਼ਨਰ, ਪਟਿਆਲਾ। | ..... ਮੈਂਬਰ...... |
| 4 | ਉਪ ਮੰਡਲ ਮੈਜਿਸਟਰੇਟ, ਰਾਜਪੁਰਾ। | ..... ਪ੍ਰਸ਼ਾਸਕ..... |

× × × × ×

**ਪੈਪਸੂ ਨਗਰ ਵਿਕਾਸ ਬੋਰਡ ਦੇ ਮੌਜੂਦਾ ਅਮਲੇ ਦੀ ਸਮਰੱਥਾ ਹੇਠ ਲਿਖੇ ਅਨੁਸਾਰ ਹੈ:–**

| **ਲੜੀ ਨੰ:** | **ਕੈਟਾਗਰੀ** | **ਤੈਨਾਤ ਅਸਾਮੀਆਂ ਦੀ ਸੰਖਿਆ** |
|---|---|---|
| 1 | ਪ੍ਰਸ਼ਾਸਕ | 1 |
| 2 | ਸਹਾਇਕ ਪ੍ਰਸ਼ਾਸਕ | 1 |
| 3 | ਕਾਰਜਸਾਧਕ ਅਫਸਰ | 1 |
| 4 | ਸੀਨੀਅਰ ਸਹਾਇਕ ਲੇਖਾ | 1 |
| 5 | ਕਲਰਕ | 5 |
| 6 | ਡਰਾਈਵਰ | 1 |
| 7 | ਦਫਤਰੀ | 1 |
| 8 | ਸੇਵਾਦਾਰ | 3 |
| 9 | ਚੋਕੀਦਾਰ | 1 |
| 10 | ਸਫਾਈ ਸੇਵਕ | 1 |

**ਠੇਕੇ ਦੇ ਆਧਾਰ ਤੇ**

| **ਲੜੀ ਨੰ:** | **ਕੈਟਾਗਰੀ** | **ਅਸਾਮੀਆਂ ਦੀ ਸੰਖਿਆ** |
|---|---|---|
| 1 | ਕਾਨੂੰਨਗੋ | 1 |

× × × × ×